PSPCL Punjab State Power Corporation Limited
Registered Office :P.S.E.B. Head Office : The Mall, Patiala – 147001 (Punjab)
Corporate Identity No. U40109PB2010SGC033813
ਦਫਤਰ ਵਧੀਕ ਨਿਗਰਾਨ ਇੰਜੀਨੀਅਰ, ਓ ਅਤੇ ਐਮ ਮੰਡਲ ਸੰਗਰੂਰ
(ਮੋਬਾਇਲ ਨੰ 96461-11146, E-mail: xen-grid-mtc-sgr@pspcl.in )

ਦਫਤਰੀ ਹੁਕਮ ਨੰ 129 ਮਿਤੀ 22/04/25

ਜਿਵੇਂ ਕਿ ਸ੍ਰੀ ਰਾਜ ਕੁਮਾਰ, ਏ.ਐਸ.ਐਸ.ਏ. (ਆਈ.ਡੀ. ਨੰ 339707) ਪੁੱਤਰ ਸ੍ਰੀ ਰਾਜਿੰਦਰ ਕੁਮਾਰ, ਜਨਮ ਮਿਤੀ 09.03.1995, ਪੀ.ਐਸ.ਪੀ.ਸੀ.ਐਲ. ਵਿੱਚ ਭਰਤੀ ਹੋਣ ਦੀ ਮਿਤੀ 19.04.2022 ਦ/ਬ ਬਤੌਰ ਏ.ਐਸ.ਐਸ.ਏ. ਜਦੋਂ 66 ਕੇਵੀ ਗ/ਸ/ਸ ਲੌਂਗੋਵਾਲ ਅਧੀਨ ਐਸ.ਐਸ.ਈ. ਸੁਨਾਮ ਵਿਖੇ ਕੰਮ ਕਰਦਾ ਸੀ, ਤਾਂ ਉਸ ਵੱਲੋਂ ਆਪਣੀ ਡਿਊਟੀ ਨਿਭਾਉਂਦੇ ਹੋਏ ਹੇਠ ਲਿਖੇ ਅਨੁਸਾਰ ਕੀਤੀਆਂ ਗਈਆਂ ਗਲਤੀਆਂ/ਅਣਗਹਿਲੀਆਂ/ਕੁਤਾਹੀਆਂ ਦੇ ਕਾਰਨ ਉਸਨੂੰ ਇਸ ਦਫਤਰ ਵੱਲੋਂ ਪੰ.ਰਾ.ਬਿ.ਬੋ. ਹੁਣ ਪੀ.ਐਸ.ਪੀ.ਸੀ.ਐਲ. ਦੇ ਸਜਾ ਅਤੇ ਅਪੀਲ ਰੈਗੂਲੇਸ਼ਨ-1971 ਦੇ ਵਿਨਿਯਮ-5 ਦੀ ਧਾਰਾ V ਤੋਂ IX ਜੋ ਕਿ ਵਿਨਿਯਮ 8 ਅਤੇ 9 ਨਾਲ ਪੜ੍ਹਿਆ ਜਾਵੇ ਅਧੀਨ ਦੋਸ਼ ਸੂਚੀ ਨੰ: ਸੀ-6/941 ਮਿਤੀ 19.12.2023 ਜਾਰੀ ਕੀਤੀ ਗਈ ਸੀ।

**ਦੋਸ਼** :- ਜਿਵੇਂ ਕਿ ਕਰਮਚਾਰੀ ਸ੍ਰੀ ਰਾਜ ਕੁਮਾਰ, ਏ.ਐਸ.ਐਸ.ਏ. (ਆਈ.ਡੀ. ਨੰ 339707) 66 ਕੇਵੀ ਗ/ਸ/ਸ ਲੌਂਗੋਵਾਲ ਅਧੀਨ ਐਸ.ਐਸ.ਈ. ਸੁਨਾਮ ਵਿਖੇ ਤੈਨਾਤ ਹੋਣ ਸਮੇਂ ਮਿਤੀ 13.07.2023 ਤੋਂ ਲਗਾਤਾਰ ਆਪਣੀ ਡਿਊਟੀ ਤੋਂ ਗੈਰ-ਹਾਜਰ ਹੋ ਗਿਆ ਸੀ।

ਜਿਵੇਂ ਕਿ ਐਸ.ਐਸ.ਈ. ਸੁਨਾਮ ਵੱਲੋਂ ਕਰਮਚਾਰੀ ਨੂੰ ਆਪਣੀ ਡਿਊਟੀ ਜੁਆਇੰਨ ਕਰਨ ਅਤੇ ਗੈਰ-ਹਾਜਰ ਰਹਿਣ ਸਬੰਧੀ ਸਪੱਸ਼ਟੀਕਰਨ ਦੇਣ ਲਈ ਮੀਮੋ ਨੰ: 464 ਮਿਤੀ 21.07.2023, ਮੀਮੋ ਨੰ: 489 ਮਿਤੀ 02.08.2023, ਮੀਮੋ ਨੰ: 523 ਮਿਤੀ 21.08.2023 ਅਤੇ ਮੀਮੋ ਨੰ: 653 ਮਿਤੀ 11.10.2023 ਰਜਿਸਟਰਡ ਡਾਕ ਰਾਹੀਂ ਕਰਮਚਾਰੀ ਦੇ ਪੱਕੇ ਪਤੇ ਤੇ ਭੇਜੇ ਗਏ ਅਤੇ ਵਧੀਕ ਨਿਗਰਾਨ ਇੰਜੀਨੀਅਰ, ਓ ਅਤੇ ਐਮ ਮੰਡਲ ਸੰਗਰੂਰ ਦੇ ਦਫਤਰ ਵੱਲੋਂ ਵੀ ਪੱਤਰ ਨੰ: 2531 ਮਿਤੀ 24.08.2023 ਅਤੇ ਪੱਤਰ ਨੰ: 2773 ਮਿਤੀ 25.09.2023 ਵੀ ਰਜਿਸਟਰਡ ਡਾਕ ਰਾਹੀਂ ਕਰਮਚਾਰੀ ਦੇ ਪੱਕੇ ਪਤੇ ਤੇ ਭੇਜੇ ਗਏ। ਪ੍ਰੰਤੂ ਉਸ (ਸ੍ਰੀ ਰਾਜ ਕੁਮਾਰ, ਏ.ਐਸ.ਐਸ.ਏ.) ਵੱਲੋਂ ਨਾ ਤਾਂ ਆਪਣੀ ਡਿਊਟੀ ਜੁਆਇੰਨ ਕੀਤੀ ਅਤੇ ਨਾ ਹੀ ਡਿਊਟੀ ਤੋਂ ਲਗਾਤਾਰ ਗੈਰ-ਹੈਜਰ ਹੋਣ ਕਾਰਨ ਆਪਣਾ ਕੋਈ ਸਪੱਸ਼ਟੀਕਰਨ ਪੇਸ਼ ਕੀਤਾ ਅਤੇ ਨਾ ਹੀ ਕਿਸੇ ਹੋਰ ਮਾਧਿਅਮ ਰਾਹੀਂ ਰਾਬਤਾ ਕਰਨ ਦੀ ਕੋਸ਼ਿਸ਼ ਕੀਤੀ। ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਹ (ਸ੍ਰੀ ਰਾਜ ਕੁਮਾਰ, ਏ.ਐਸ.ਐਸ.ਏ.) ਆਪਣੀ ਡਿਊਟੀ ਪ੍ਰਤੀ ਗੈਰ-ਜਿੰਮੇਵਾਰੀ ਦਾ ਵਤੀਰਾ ਰੱਖਦਾ ਹੈ ਅਤੇ ਜਾਣ ਬੁੱਝ ਕੇ ਡਿਊਟੀ ਤੋਂ ਗੈਰ-ਹਾਜਰ ਚਲਦਾ ਆ ਰਿਹਾ ਹੈ।

ਜਿਵੇਂ ਕਿ ਕਰਮਚਾਰੀ ਸ੍ਰੀ ਰਾਜ ਕੁਮਾਰ, ਏ.ਐਸ.ਐਸ.ਏ. (ਆਈ.ਡੀ. ਨੰ 339707) ਨੂੰ ਡਿਊਟੀ ਤੋਂ ਗੈਰ-ਹਾਜਰ ਰਹਿਣ ਕਾਰਨ ਇਸ ਦਫਤਰ ਵੱਲੋਂ ਦੋਸ਼ ਸੂਚੀ ਨੰ: ਸੀ-6/941 ਮਿਤੀ 19.12.2023 ਜਾਰੀ ਕੀਤੀ ਗਈ ਅਤੇ ਦੋਸ਼ ਸੂਚੀ ਦਾ ਜਵਾਬ ਲੈਣ ਲਈ ਐਸ.ਐਸ.ਈ. ਸੁਨਾਮ ਵੱਲੋਂ ਰਜਿਸਟਰਡ ਡਾਕ (RP183525576IN ਮਿਤੀ 04.01.2024) ਰਾਹੀਂ ਦੋਸ਼ ਸੂਚੀ ਉਸਦੇ ਘਰ ਤੇ ਪੱਕੇ ਪਤੇ ਤੇ ਭੇਜੀ ਗਈ। ਪ੍ਰੰਤੂ ਉਸ (ਸ੍ਰੀ ਰਾਜ ਕੁਮਾਰ, ਏ.ਐਸ.ਐਸ.ਏ.) ਵੱਲੋਂ ਇਸ ਦੋਸ਼ ਸੂਚੀ ਬਾਬਤ ਕੋਈ ਵੀ ਜਵਾਬ/ਸਪੱਸ਼ਟੀਕਰਨ ਨਹੀਂ ਦਿੱਤਾ ਗਿਆ। ਕਰਮਚਾਰੀ ਦੀ ਜਵਾਬਤਲਬੀ ਲੈਣ ਲਈ ਐਸ.ਐਸ.ਈ. ਸੁਨਾਮ ਵੱਲੋਂ ਮੁੜ ਪੱਤਰ ਨੰ: 155 ਮਿਤੀ 06.02.2024, ਪੱਤਰ ਨੰ: 308 ਮਿਤੀ 27.03.2024 ਅਤੇ ਇਸ ਦਫਤਰ ਵੱਲੋਂ ਪੱਤਰ ਨੰ: 1226 ਮਿਤੀ 20.03.2024 ਰਜਿਸਟਰਡ ਡਾਕ ਰਾਹੀਂ ਉਸਦੇ (ਸ੍ਰੀ ਰਾਜ ਕੁਮਾਰ, ਏ.ਐਸ.ਐਸ.ਏ.) ਘਰ ਦੇ ਪੱਕੇ ਪਤੇ ਤੇ ਭੇਜੇ ਗਏ ਪ੍ਰੰਤੂ ਪੱਤਰ ਨੰ: 308 ਮਿਤੀ 27.03.2024 ਡਾਕ ਵਿਭਾਗ ਵੱਲੋਂ Addresse left from address ਦੇ Remark ਨਾਲ ਐਸ.ਐਸ.ਈ. ਸੁਨਾਮ ਦਫਤਰ ਵਿਖੇ ਮਿਤੀ 01.04.2024 ਨੂੰ ਵਾਪਸ ਭੇਜਿਆ ਗਿਆ। ਕਰਮਚਾਰੀ ਵੱਲੋਂ ਉਕਤ ਦੋਸ਼ ਸੂਚੀ ਸਬੰਧੀ ਕੋਈ ਵੀ ਜਵਾਬ ਨਹੀਂ ਦਿੱਤਾ ਗਿਆ ਅਤੇ ਨਾ ਹੀ ਕਰਮਚਾਰੀ ਆਪਣੀ ਡਿਊਟੀ ਤੇ ਹਾਜਰ ਹੋਇਆ।



Scanned with OKEN Scanner

ਜਿਵੇਂ ਕਿ ਉਸ (ਸ੍ਰੀ ਰਾਜ ਕੁਮਾਰ, ਏ.ਐਸ.ਐਸ.ਏ.) ਦੀ ਉਕਤ ਦੋਸ਼ ਸੂਚੀ ਸਬੰਧੀ ਅਤੇ ਗੈਰ-ਹਾਜਰੀ ਦੇ ਕਾਰਨ ਐਸ.ਐਸ.ਈ. ਸੁਨਾਮ ਵੱਲੋਂ ਮੀਮੋ 515 ਨੰ: ਮਿਤੀ 27.05.2024 ਦੇ ਰਾਹੀਂ ਭੇਜੇ ਗਏ ਐਨੋਟੇਟਿਡ ਪ੍ਰੋਫਾਰਮੇ ਵਿੱਚ ਕਰਮਚਾਰੀ ਵਿਰੁੱਧ ਬਣਦੀ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ।

ਜਿਵੇਂ ਕਿ ਇਸ ਦਫਤਰ ਵੱਲੋਂ ਦੋਸ਼ ਸੂਚੀ ਨੰ: ਸੀ-6/941 ਮਿਤੀ 19.12.2023 ਦੀ ਇੰਨਕੁਆਰੀ ਕਰਵਾਉਣ ਲਈ ਦ/ਹੁ ਨੰ: 52 ਮਿਤੀ 29.05.2024 ਰਾਹੀਂ ਐਸ.ਐਸ.ਈ. ਸੰਗਰੂਰ ਨੂੰ ਇੰਨਕੁਆਰੀ ਅਫਸਰ ਨਿਯੁਕਤ ਕੀਤਾ ਗਿਆ। ਉਨਾਂ ਵੱਲੋਂ ਪੜਤਾਲ ਕਰਨ ਲਈ ਕਰਮਚਾਰੀ ਨੂੰ ਪੱਤਰ ਨੰ: 478 ਮਿਤੀ 26.06.2024, ਪੱਤਰ ਨੰ: 532 ਮਿਤੀ 16.07.2024 ਅਤੇ ਪੱਤਰ ਨੰ: 657 ਮਿਤੀ 12.08.2024 ਉਸਦੇ ਘਰ ਤੇ ਪੱਕੇ ਪਤੇ ਦੇ ਡਾਕ ਰਾਹੀਂ ਭੇਜੇ ਗਏ। ਪ੍ਰੰਤੂ ਕਰਮਚਾਰੀ ਵੱਲੋਂ ਐਸ.ਐਸ.ਈ. ਸੰਗਰੂਰ ਦਫਤਰ ਵਿਖੇ ਪੇਸ਼ ਨਾ ਹੋਣ ਅਤੇ ਨਾ ਹੀ ਕਿਸੇ ਹੋਰ ਮਾਧਿਅਮ ਰਾਹੀਂ ਰਾਬਤਾ ਕਾਇਮ ਨਾ ਕਰਨ ਕਰਕੇ ਐਸ.ਐਸ.ਈ. ਸੰਗਰੂਰ ਵੱਲੋਂ ਪੱਤਰ ਨੰ: 722 ਮਿਤੀ 28.08.2024 ਕਰਮਚਾਰੀ ਦੇ ਘਰ ਦੇ ਬਾਹਰ ਪੇਸਟ ਕਰ ਦਿੱਤਾ ਗਿਆ ਪ੍ਰੰਤੂ ਇਸਦੇ ਬਾਵਜੂਦ ਵੀ ਕਰਮਚਾਰੀ ਐਸ.ਐਸ.ਈ. ਸੰਗਰੂਰ ਦਫਤਰ ਵਿਖੇ ਪੇਸ਼ ਨਹੀਂ ਹੋਇਆ ਅਤੇ ਨਾ ਹੀ ਕੋਈ ਰਾਬਤਾ ਕਾਇਮ ਕੀਤਾ ਗਿਆ।

ਜਿਵੇਂ ਕਿ ਐਸ.ਐਸ.ਈ. ਸੰਗਰੂਰ ਵੱਲੋਂ ਪੱਤਰ ਨੰ: 247 ਮਿਤੀ 17.03.2025 ਰਾਹੀਂ ਭੇਜੀ ਪੜਤਾਲੀਆ ਰਿਪੋਰਟ ਭੇਜੀ ਗਈ ਜਿਸ ਵਿੱਚ ਉਨਾਂ ਵੱਲੋਂ ਲਿਖਿਆ ਗਿਆ ਕਿ

"ਕਰਮਚਾਰੀ ਸ੍ਰੀ ਰਾਜ ਕੁਮਾਰ, ਏ.ਐਸ.ਐਸ.ਏ. (ਆਈ.ਡੀ. ਨੰ 339707) ਪੁੱਤਰ ਸ੍ਰੀ ਰਾਜਿੰਦਰ ਕੁਮਾਰ ਨੂੰ ਆਪਣੀ ਗੈਰ-ਹਾਜਰੀ ਬਾਰੇ ਬਿਆਨ ਦੇਣ ਲਈ ਪੇਸ਼ ਹੋਣ ਲਈ ਇਸ ਦਫਤਰ ਵੱਲੋਂ 4 ਵਾਰੀ ਪੱਤਰਾਂ ਰਾਹੀਂ ਮੌਕਾ ਦਿੱਤਾ ਗਿਆ। ਪਰ ਕਰਮਚਾਰੀ ਹਾਜਰ ਨਹੀਂ ਹੋਇਆ। ਇਸ ਤੋਂ ਸਾਫ ਜਾਹਰ ਹੁੰਦਾ ਹੈ ਕਿ ਕਰਮਚਾਰੀ ਦੀ ਆਪਣੀ ਡਿਊਟੀ ਪ੍ਰਤੀ ਕੋਈ ਰੁਚੀ ਨਹੀਂ ਹੈ ਜੋ ਕਿ ਉਹ ਇੰਨੇ ਲੰਬੇ ਸਮੇਂ ਤੋਂ ਆਪਣੀ ਡਿਊਟੀ ਤੋਂ ਗੈਰ-ਹਾਜਰ ਚੱਲ ਰਿਹਾ ਹੈ। ਕਰਮਚਾਰੀ ਵੱਲੋਂ ਦੋਸ਼ ਸੂਚੀ ਨੰ: ਸੀ-6/941 ਮਿਤੀ 19.12.2023 ਰਾਹੀਂ ਲਗਾਏ ਗਏ ਦੋਸ਼ ਵਜੋਂ ਵੀ ਪੜਤਲਾ ਦੌਰਾਨ ਪੇਸ਼ ਹੋ ਕੇ ਕੋਈ ਆਪਣਾ ਪੱਖ ਰਖਿਆ ਨਹੀਂ ਗਿਆ। ਇਸਤੋਂ ਜਾਪਦਾ ਹੈ ਕਿ ਕਰਮਚਾਰੀ ਡਿਊਟੀ ਵਿੱਚ ਮੁੜ join ਕਰਮ ਦਾ ਇਛੁੱਕ ਨਹੀਂ ਹੈ। ਸੋ ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਅਤੇ ਮਾਨਯੋਗ CE/HRD (services-2) Patiala ਜੀ ਦੇ ਪੱਤਰ ਨੰ: 1046/ਆਈ.ਆਰ.ਪੀ. ਮਿਤੀ 19.10.2020 ਦੇ ਵਿੱਚ ਦਰਸਾਈਆਂ ਗਈਆਂ ਸ਼ਰਤਾਂ ਮੁਤਾਬਿਕ ਕਰਮਚਾਰੀ ਵਿਰੁੱਧ ਇੱਕ ਤਰਫਾ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।"

ਜਿਵੇਂ ਕਿ ਉਪਰੋਕਤ ਸਾਰੀ ਸਥਿਤੀ ਤੋਂ ਸਪੱਸ਼ਟ ਹੋ ਗਿਆ ਹੈ ਕਿ ਉਹ (ਸ੍ਰੀ ਰਾਜ ਕੁਮਾਰ, ਏ.ਐਸ.ਐਸ.ਏ.) ਆਪਣੀ ਡਿਊਟੀ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਰੱਖਦਾ ਅਤੇ ਲਗਾਤਾਰ ਮਿਤੀ 13.07.2023 ਤੋਂ ਡਿਊਟੀ ਤੋਂ ਗੈਰ-ਹਾਜਰ ਚੱਲ ਰਿਹਾ ਹੈ। ਇਸ ਸਬੰਧੀ ਉਪ ਸਕੱਤਰ/ਸੇਵਾਵਾਂ-2, ਪੀ.ਐਸ.ਪੀ.ਸੀ.ਐਲ. ਪਟਿਆਲਾ ਜੀ ਦੇ ਮੀਮੋ ਨੰ: 1046/ ਆਈ.ਆਰ.ਪੀ. ਮਿਤੀ 19.10.2020 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਜੇਕਰ ਕੋਈ ਅਧਿਕਾਰੀ/ਕਰਮਚਾਰੀ ਬਿਨਾਂ ਪਹਿਲਾਂ ਛੁੱਟੀ ਮੰਨਜੂਰ ਕਰਵਾਏ ਡਿਊਟੀ ਤੋਂ ਗੈਰ-ਹਾਜਰ ਰਹਿੰਦਾ ਹੈ ਅਤੇ ਇਹ ਗੈਰ-ਹਾਜਰੀ ਦਾ ਸਮਾਂ ਚਲਦੇ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਜਾਂਦਾ ਹੈ ਤਾਂ ਉਸ ਵੱਲੋਂ ਸਰਕਾਰੀ ਸਰਵਿਸ ਤੋਂ ਅਸਤੀਫਾ ਦਿੱਤਾ ਗਿਆ ਸਮਝਿਆ ਜਾਵੇਗਾ ਭਾਵ ਉਸ ਵੱਲੋਂ ਸਰਕਾਰੀ ਸਰਵਿਸ ਤੋਂ Deemed Resignation ਮੰਨਿਆ ਜਾਵੇਗਾ। ਇਹ ਸਮਾਂ ਮੁਕੰਮਲ ਹੋਣ ਤੇ ਉਸ ਨੂੰ ਸਰਕਾਰੀ ਸਰਵਿਸ ਵਿੱਚ ਮੁੜ ਜੁਆਇੰਨ ਨਹੀਂ ਕਰਵਾਇਆ ਜਾਵੇਗਾ।

ਜਿਵੇਂ ਕਿ ਉਸਦੇ (ਸ੍ਰੀ ਰਾਜ ਕੁਮਾਰ , ਏ.ਐਸ.ਐਸ.ਏ.) ਮਿਤੀ 13.07.2023 ਤੋਂ ਲਗਾਤਾਰ ਡਿਊਟੀ ਤੋਂ ਗੈਰ-ਹਾਜਰ ਰਹਿਣ ਕਾਰਨ ਉਸਨੂੰ ਡਿਊਟੀ ਤੇ ਹਾਜਰ ਹੋਣ ਅਤੇ ਗੈਰ-ਹਾਜਰ ਹੋਣ ਸਬੰਧੀ ਸਪੱਸ਼ਟੀਕਰਨ ਦੇਣ ਦੇ ਪੂਰੇ ਮੌਕੇ ਦਿੱਤੇ ਗਏ ਸਨ, ਪ੍ਰੰਤੂ ਉਸਨੇ ਨਾ ਤਾਂ ਡਿਊਟੀ ਤੇ ਜੁਆਇੰਨ ਕੀਤਾ ਅਤੇ ਨਾ ਹੀ ਕੋਈ ਸਪੱਸ਼ਟੀਕਰਨ ਦਿੱਤਾ ਜਿਸ ਕਾਰਨ ਉਪ ਸਕੱਤਰ/ਸੇਵਾਵਾਂ-2, ਪੀ.ਐਸ.ਪੀ.ਸੀ.ਐਲ. ਪਟਿਆਲਾ ਜੀ ਦੇ ਮੀਮੋ ਨੰ: 1046/ ਆਈ.ਆਰ.ਪੀ. ਮਿਤੀ 19.10.2020 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਉਕਤ ਦੋਸ਼ ਸੂਚੀ ਨੰ: ਸੀ-6/941 ਮਿਤੀ 19.12.2023 ਦਾ ਇੱਕ ਤਰਫਾ ਫੈਸਲਾ ਕਰਦੇ ਹੋਏ ਸ੍ਰੀ ਰਾਜ ਕੁਮਾਰ, ਏ.ਐਸ.ਐਸ.ਏ. (ਆਈ.ਡੀ. ਨੰ 339707) ਪੁੱਤਰ ਸ੍ਰੀ ਰਾਜਿੰਦਰ ਕੁਮਾਰ ਦਾ ਮਿਤੀ 13.07.2023 ਤੋਂ



Scanned with OKEN Scanner

ਪੀ.ਐਸ.ਪੀ.ਸੀ.ਐਲ. ਦੀਆਂ ਸੇਵਾਵਾਂ ਤੋਂ Deemed Resignation ਮੰਨਦੇ ਹੋਏ ਸੇਵਾ ਨਿਵਿਰਤ ਕੀਤਾ ਜਾਂਦਾ ਹੈ ਅਤੇ ਇਸ ਕਰਮਚਾਰੀ ਨੂੰ ਪੀ.ਐਸ.ਪੀ.ਸੀ.ਐਲ. ਦੀ ਸੇਵਾ ਵਿੱਚ ਮੁੜ ਜੁਆਇੰਨ ਨਹੀਂ ਕਰਵਾਇਆ ਜਾਵੇਗਾ। ਕਰਮਚਾਰੀ ਵਿਰੁੱਧ ਕੋਈ ਵੀ ਅਨੁਸ਼ਾਸ਼ਨੀ ਕੇਸ, ਵਸੂਲੀ ਜਾਂ ਕਟੌਤੀ ਆਦਿ ਨਿਕਲਦੀ ਹੈ ਤਾਂ ਉਸਦੀ ਸੇਵਾ ਨਿਵਿਰਤੀ ਦਾ ਅਨੁਸ਼ਾਸ਼ਨੀ ਕੇਸ, ਵਸੂਲੀ ਜਾਂ ਕਟੌਤੀ ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਕਰਮਚਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ :-

| | | |
|---|---|---|
| 1) ਕਰਮਚਾਰੀ ਦਾ ਨਾਮ | : | ਸ੍ਰੀ ਰਾਜ ਕੁਮਾਰ |
| 2) ਅਹੁੱਦਾ/ਆਈ.ਡੀ. ਨੰ | : | ਏ.ਐਸ.ਐਸ.ਏ. /339707 |
| 3) ਪਿਤਾ ਦਾ ਨਾਮ | : | ਸ੍ਰੀ ਰਾਜਿੰਦਰ ਕੁਮਾਰ |
| 4) ਜਨਮ ਮਿਤੀ | : | 09.03.1995 |
| 5) ਮਹਿਕਮੇ ਵਿੱਚ ਹਾਜਰ ਹੋਣ ਦੀ ਮਿਤੀ | : | 19.04.2022 ਦ/ਬ |

ਵਧੀਕ ਨਿਗਰਾਨ ਇੰਜੀਨੀਅਰ
ਓ ਅਤੇ ਐਮ ਮੰਡਲ ਪੀ.ਐਸ.ਪੀ.ਸੀ.ਐਲ.
ਸੰਗਰੂਰ

ਪਿੱਠ ਅੰਕਣ ਨੰ 1645 ਮਿਤੀ 22/4/25

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਮੁੱਖ ਇੰਜੀਨੀਅਰ/ਪੀ ਤੇ ਐਮ, ਪੀ.ਐਸ.ਪੀ.ਸੀ.ਐਲ., ਲੁਧਿਆਣਾ।
2) ਉਪ ਮੁੱਖ ਇੰਜੀਨੀਅਰ/ਪੀ ਅਤੇ ਐਮ, ਹਲਕਾ ਪੀ.ਐਸ.ਪੀ.ਸੀ.ਐਲ., ਪਟਿਆਲਾ।
3) ਉਪ ਮੁੱਖ ਇੰਜੀਨੀਅਰ/ਪ੍ਰਸੋਨਲ, ਪੀ.ਐਸ.ਪੀ.ਸੀ.ਐਲ., ਪਟਿਆਲਾ।
4) ਉਪ ਮੁੱਖ ਇੰਜੀਨੀਅਰ/ਆਈ.ਟੀ., ਓ ਅਤੇ ਐਮ ਪੀ.ਐਸ.ਪੀ.ਸੀ.ਐਲ., ਪਟਿਆਲਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦਫਤਰੀ ਹੁਕਮ ਦੀ ਕਾਪੀ ਪੀ.ਐਸ.ਪੀ.ਸੀ.ਐਲ ਦੀ ਵੈਬਸਾਈਟ ਤੇ ਅਪਲੋਡ ਕੀਤੀ ਜਾਵੇ ਜੀ।
5) ਮੁਕੱਦਮੇਬਾਜੀ ਸਲਾਹਕਾਰ, ਪੀ.ਐਸ.ਪੀ.ਸੀ.ਐਲ., ਪਟਿਆਲਾ।
6) ਉਪ ਸਕੱਤਰ/ਅ.ਅ.-2, ਪੀ.ਐਸ.ਪੀ.ਸੀ.ਐਲ., ਪਟਿਆਲਾ।
7) ਐਸ.ਐਸ.ਈ. ਸੁਨਾਮ ਅਧੀਨ ਓ ਅਤੇ ਐਮ ਮੰਡਲ, ਪੀ.ਐਸ.ਪੀ.ਸੀ.ਐਲ., ਸੰਗਰੂਰ ਨੂੰ ਦ/ਹੁ ਦੀ ਵਾਧੂ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਦ/ਹੁ ਕਰਮਚਾਰੀ ਨੂੰ ਸੌਂਪ ਕੇ ਇਸਦੀ ਮਿਤੀ ਬੱਧ ਪ੍ਰਾਪਤੀ ਰਸੀਦ ਪ੍ਰਤੀ ਕਰਕੇ ਹਰ ਹਾਲਤ ਵਿੱਚ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।
8) ਸਹਾਇਕ ਲੇਖਾ ਅਫਸਰ/ਓ ਅਤੇ ਐਮ ਮੰਡਲ, ਪੀ.ਐਸ.ਪੀ.ਸੀ.ਐਲ., ਸੰਗਰੂਰ।
9) ਸ੍ਰੀ ਰਾਜ ਕੁਮਾਰ, ਏ.ਐਸ.ਐਸ.ਏ. (ਆਈ.ਡੀ. ਨੰ 339707) ਪੁੱਤਰ ਸ੍ਰੀ ਰਾਜਿੰਦਰ ਕੁਮਾਰ, ਵਾਸੀ ਪੱਤੀ ਝਾੜੋਂ, ਲੌਂਗੋਵਾਲ, ਤਹਿਸੀਲ ਸੁਨਾਮ, ਜਿਲ੍ਹਾ ਸੰਗਰੂਰ।

ਵਧੀਕ ਨਿਗਰਾਨ ਇੰਜੀਨੀਅਰ
ਓ ਅਤੇ ਐਮ ਮੰਡਲ ਪੀ.ਐਸ.ਪੀ.ਸੀ.ਐਲ.
ਸੰਗਰੂਰ



Scanned with OKEN Scanner